3-Jan-Page-NSR-5-6-7-10.qxd 1/3/2022 11:39 PM Page 3

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 4 ਜਨਵਰੀ ਨੂੰ ਸ਼ਾਮ 4.30 ਤੋਂ 5.30 ਵਜੇ ਤੱਕ **ਭਾਈ ਰਵਿੰਦਰ ਸਿੰਘ** ਤੇ 5 ਜਨਵਰੀ ਨੂੰ ਸਵੇਰੇ 4:00 ਤੋਂ 6:00 ਵਜੇ ਤੱਕ **ਭਾਈ ਰਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ.ਟੀ.ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 4 ਜਨਵਰੀ ਨੂੰ ਸ਼ਾਮ 4:30 ਤੋਂ 6:30 ਵਜੇ ਤੱਕ **ਭਾਈ ਰਵਿੰਦਰ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਨਰਿੰਦਰ ਸਿੰਘ** ਅਤੇ 5 ਜਨਵਰੀ ਨੂੰ ਸਵੇਰੇ 4:00 ਵਜੇ ਤੋਂ 7:45 ਵਜੇ ਤੱਕ **ਭਾਈ ਰਵਿੰਦਰ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ** ਕੀਰਤਨ ਕਰਨਗੇ।

ਮੁੱਖ ਵਾਕ ਦੀ ਕਥਾ : 4 ਜਨਵਰੀ ਨੂੰ ਗਿਆਨੀ ਸਤਨਾਮ ਸਿੰਘ ਖ੡ੂਰ ਸਾਹਿਬ ਤੇ 5 ਜਨਵਰੀ ਨੂੰ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਸ੍ਰੀ ਹਰਿਮੰਦਰ ਸਾਹਿਬ) ਵਿਖੇ 7:45 ਵਜੇ ਤੋਂ 8:30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਮੈਡਮ ਰਾਜਵਿੰਦਰ ਕੌਰ ਅਤੇ ਪ੍ਰਵੀਨ ਕੁਮਾਰੀ ਨੂੰ ਬਲਾਕ ਪ੍ਰਧਾਨ ਲਗਾਉਣ 'ਤੇ ਸਨਮਾਨਿਤ ਕਰਦੇ ਹੋਏ ਲਲਿਤ ਮੋਹਨ ਪਾਠਕ, ਮੈਡਮ ਰਾਜਦੀਪ ਸ਼ਰਮਾ ਅਤੇ ਹੋਰ। ਤਸਵੀਰ : ਹਰਵਿੰਦਰ ਸਿੰਘ

ਅਜੀਤ ਵੈਬ ਟੀ ਵੀ ਅੱਜ ਦੇ ਵਿਸ਼ੇਸ਼ ਪ੍ਰੋਗਰਾਮ

ਲੋਕਾਂ ਦੀ ਕਚਹਿਰੀ-ਵਿਧਾਨ ਸਭਾ ਚੋਣਾਂ 2022

ਵੇਖੋ ਤਰਨ ਤਾਰਨ ਦੇ ਲੋਕਾਂ ਦਾ ਮੂਡ

ਵੇਖਣ ਲਈ ਕਲਿੱਕ ਕਰੋ : www.ajittv.com, youtube.com/ajitwebtv, facebook.com/dailyajit

ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ। ਤਸਵੀਰ : ਪ੍ਰੇਮੀ ਸੰਧਵਾਂ

ਪ੍ਰਕਾਸ਼ ਪੁਰਬ ਨੂੰ ਸਮਰਪਤਿ ਨਗਰ ਕੀਰਤਨ ਸਜਾਇਆ

ਸੰਧਵਾਂ, 3 ਜਨਵਰੀ (ਪ੍ਰੇਮੀ ਸੰਧਵਾਂ)- ਪਿੰਡ ਫਰਾਲਾ ਵਿਖੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ-ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਜਿੱਥੇ ਡਾ: ਨਰਿੰਦਰ ਸਿੰਘ ਦੇ ਢਾਡੀ ਜਥੇ ਵਲੋਂ ਵਾਰਾਂ ਰਾਹੀਂ ਗੁਰ-ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਉੱਥੇ ਹੀ ਥਾਂ-ਥਾਂ ਤੇ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਨਗਰ ਕੀਰਤਨ ਦੇ ਨਾਲ-ਨਾਲ ਸੰਗਤਾਂ ਗੁਰੂ ਜਸ ਗਾ ਰਹੀਆਂ ਸਨ। ਇਹ ਨਗਰ ਕੀਰਤਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਤੋਂ ਸਵੇਰੇ ਕਰੀਬ 11 ਵਜੇ ਆਰੰਭ ਹੋ ਕੇ ਸਾਰੇ ਨਗਰ ਦੀ ਪ੍ਰਕਰਮਾ ਕਰਦਾ ਹੋਇਆ ਮੁੜ ਗੁਰੂ ਘਰ ਪਹੁੰਚ ਕੇ ਸੰਪੂਰਨ ਹੋਇਆ। ਗੁਰੂ ਘਰ ਦੇ ਮੁੱਖ ਸੇਵਾਦਾਰ ਪ੍ਰੋ: ਪ੍ਰਗਣ ਸਿੰਘ ਅਟਵਾਲ ਵਲੋਂ ਨਗਰ ਕੀਰਤਨ ਦੌਰਾਨ ਆਏ ਢਾਡੀ ਤੇ ਕਵੀਸ਼ਰੀ ਜਥਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਮਨਜੀਤ ਸਿੰਘ ਅਟਵਾਲ, ਨਵਜੋਤ ਸਿੰਘ ਅਟਵਾਲ, ਪ੍ਰਧਾਨ ਜਸਵੀਰ ਸਿੰਘ ਬੀਰਾ ਅਟਵਾਲ, ਕੁਲਵੰਤ ਸਿੰਘ ਅਟਵਾਲ ਪੰਚ, ਰਾਣਾ ਬਾਬਾ ਕੋਚ ਪੰਚ, ਵੀਰ ਨਿੱਝਰ, ਜੋਰਾ ਅਟਵਾਲ ਫਰਾਲਾ, ਬੱਲੀ ਅਟਵਾਲ, ਜਥੇਦਾਰ ਹਰਭਜਨ ਸਿੰਘ ਅਟਵਾਲ ਸਾਬਕਾ ਸਰਪੰਚ, ਹਰਚਰਨ ਸਿੰਘ ਅਟਵਾਲ, ਸਰਬਜੀਤ ਸਿੰਘ ਅਟਵਾਲ, ਸਾਬਕਾ ਸਰਪੰਚ ਜੀਤ ਰਾਮ, ਗੁਰਮੁੱਖ ਸਿੰਘ ਅਟਵਾਲ ਸਾਬਕਾ ਪੰਚ, ਬਲਵੀਰ ਸਿੰਘ ਪੰਚ, ਜਥੇਦਾਰ ਜਗਜੀਤ ਸਿੰਘ ਅਟਵਾਲ, ਜਥੇਦਾਰ ਕਰਨਜੀਤ ਸਿੰਘ ਅਟਵਾਲ, ਹਰਲੀਨ ਸਿੰਘ ਅਟਵਾਲ, ਹਰਜਿੰਦਰ ਸਿੰਘ, ਲੱਕੀ ਪਾਲ, ਡਾ: ਵਿੱਕੀ ਪਾਲ, ਲੈਕ: ਹਰਬੰਸ ਲਾਦੀਆਂ, ਭਗਵਾਨ ਦਾਸ, ਰਾਮ ਪ੍ਰਕਾਸ਼, ਸੁਰਿੰਦਰ ਸਿੰਘ ਅਟਵਾਲ, ਰਾਜਿੰਦਰ ਸਿੰਘ ਨਿੱਝਰ, ਜਥੇਦਾਰ ਸੁਰਜੀਤ ਸਿੰਘ ਸੰਧੂ, ਹਰਨੇਕ ਸਿੰਘ ਅਟਵਾਲ, ਥਾਣੇਦਾਰ ਤਰਲੋਚਨ ਸਿੰਘ ਅਟਵਾਲ ਆਦਿ ਹਾਜ਼ਰ ਸਨ।

ਸਤਵੰਤ ਸਿੰਘ ਬੈਂਸ ਦਾ ਦਿਹਾਂਤ

ਬੰਗਾ, 3 ਜਨਵਰੀ (ਨੂਰਪੁਰ)- ਸਹੀਦ-ਏ-ਆਜਮ ਸ: ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਕਮੇਟੀ ਬੰਗਾ ਦੇ ਸਰਪ੍ਰਸਤ ਸਤਵੰਤ ਸਿੰਘ ਬੈਂਸ ਦਾ ਕਨੈਡਾ ਵਿਖੇ ਦਿਹਾਂਤ ਹੋ ਗਿਆ ਹੈ। ਇਸ ਸਬੰਧ ਵਿਚ ਫੁੱਟਬਾਲ ਟੂਰਨਾਮੈਂਟ ਕਮੇਟੀ ਦੀ ਹੰਗਾਮੀ ਮੀਟਿੰਗ ਸ: ਹਰਦੇਵ ਸਿੰਘ ਕਾਹਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਉਹਨਾਂ ਦੀ ਯਾਦ ਵਿਚ ਦੋ ਮਿੰਟ ਮੌਨ ਵੀ ਧਾਰਿਆ ਗਿਆ। ਯਾਦ ਰਹੇ ਕਿ ਸਤਵੰਤ ਸਿੰਘ ਬੈਂਸ ਪੰਜਾਬ ਸਰਕਾਰ ਚੰਡੀਗੜ੍ਹ ਦੇ ਖੇਡ ਵਿਭਾਗ ਵਿਚ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਣ ਉਪਰੰਤ ਆਪਣੇ ਪਰਿਵਾਰ ਸਮੇਤ ਕੈਨੇਡਾ ਰਹਿ ਰਹੇ ਸਨ। ਇਸ ਸ਼ੋਕ ਮੀਟਿੰਗ ਵਿਚ ਗੁਰਦਿਆਲ ਸਿੰਘ ਜਗਤਪੁਰ, ਪ੍ਰਿੰ: ਤਰਸੇਮ ਸਿੰਘ ਭਿੰਡਰ, ਹਰਜੀਤ ਸਿੰਘ ਮਾਹਿਲ, ਪਰਮਜੀਤ ਸਿੰਘ ਕਾਹਮਾ, ਸੁਰਿੰਦਰ ਸਿੰਘ ਖਾਲਸਾ, ਹਰਬੰਸ ਹੀਉਂ, ਸੁੱਚਾ ਰਾਮ ਖਟਕੜ, ਤਰਲੋਚਨ ਸਿੰਘ ਪੂੰਨੀ, ਕਸਮੀਰੀ ਲਾਲ ਮੰਗੂਵਾਲ, ਸਰਬਜੀਤ ਮੰਗੂਵਾਲ, ਡਾ: ਗੁਰਮੀਤ ਸਿੰਘ ਸਰਾਂ, ਚਰਨਜੀਤ ਕੁਮਾਰ, ਅਮਨਦੀਪ ਸਿੰਘ ਥਾਂਦੀ ਆਦਿ ਹਾਜਰ ਸਨ।

ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਨਰਿੰਦਰ ਮਹਿਤਾ, ਨਾਲ ਹੋਰ। ਤਸਵੀਰ : ਹਰਵਿੰਦਰ ਸਿੰਘ

ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਹੋਈ

ਨਵਾਂਸ਼ਹਿਰ, 3 ਜਨਵਰੀ (ਹਰਵਿੰਦਰ ਸਿੰਘ)-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਇੱਥੇ ਸਲੋਹ ਰੋਡ ਵਿਖੇ ਹੋਈ। ਇਸ ਮੌਕੇ ਪੈਨਸ਼ਨਰਾਂ ਦੀਆਂ ਮੰਗਾਂ ਲਈ ਅੱਗੇ ਹੋ ਕੇ ਸੰਘਰਸ਼ ਕਰਨ ਵਾਲੇ ਆਗੂਆਂ ਬੱਗਾ ਸਿੰਘ ਹੰਸਰੋ, ਝਲਮਣ ਸਿੰਘ ਜੱਬੋਵਾਲ, ਜੱਗਾ ਸਿੰਘ ਬੱਬਰ ਮਜਾਰਾ, ਮੋਹਣ ਲਾਲ ਨਵਾਂਸ਼ਹਿਰ, ਮੋਹਣ ਲਾਲ ਮੂਸਾਪੁਰ ਤੇ ਓਮ ਪ੍ਰਕਾਸ਼ ਰੱਕੜ ਢਾਹਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੰਡਲ ਪ੍ਰਧਾਨ ਨਰਿੰਦਰ ਮਹਿਤਾ, ਸਰਕਲ ਪ੍ਰਧਾਨ ਪਰਮਜੀਤ ਸੈਣੀ ਅਤੇ ਵਿੱਤ ਸਕੱਤਰ ਕੁਲਵਿੰਦਰ ਅਟਵਾਲ ਨੇ ਸੰਬੋਧਨ ਕਰਦਿਆਂ ਪੈਨਸ਼ਨਰਾਂ ਪ੍ਰਤੀ ਪੰਜਾਬ ਸਰਕਾਰ ਦੇ ਰਵੱਈਏ ਦੀ ਨਿੰਦਾ ਕੀਤੀ। ਇਸ ਮੌਕੇ ਮਦਨ ਲਾਲ, ਰਵਿੰਦਰ ਅਗਨੀਹੋਤਰੀ, ਜੋਗਿੰਦਰ ਸਿੰਘ, ਰਵਿੰਦਰ ਸ਼ਰਮਾ, ਪ੍ਰੇਮ ਚੰਦ, ਸੁਰਿੰਦਰ ਸਿੰਘ, ਅਮਰਨਾਥ, ਕੱਪਲ ਦੇਵ, ਰਾਮ ਲੱਖਨ, ਬਹਾਦਰ ਸਿੰਘ, ਗਿਆਨ ਚੰਦ, ਅਸ਼ੋਕ ਕੁਮਾਰ ਵੀ ਹਾਜ਼ਰ ਸਨ।

ਸ਼ਹੀਦ ਬਾਬਾ ਕਰਮ ਸਿੰਘ ਝਿੰਗੜ ਬੱਬਰ ਅਕਾਲੀ ਦੀ ਯਾਦ 'ਚ ਜੋੜ ਮੇਲਾ ਕਰਾਉਣ ਸੰਬੰਧੀ ਮੀਟਿੰਗ

ਔੜ/ਝਿੰਗੜਾਂ, 3 ਜਨਵਰੀ (ਕੁਲਦੀਪ ਸਿੰਘ)- ਪਿੰਡ ਝਿੰਗੜਾਂ ਦੇ ਅਕਾਲੀ ਲਹਿਰ ਦੇ ਮੋਢੀ ਸ਼ਹੀਦ ਬਾਬਾ ਕਰਮ ਸਿੰਘ ਝਿੰਗੜ ਬੱਬਰ ਅਕਾਲੀ ਦੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਕਰਵਾਉਣ ਸਬੰਧੀ ਮੀਟਿੰਗ ਉਨ੍ਹਾਂ ਦੇ ਧਾਰਮਿਕ ਅਸਥਾਨ ਪਿੰਡ ਝਿੰਗੜਾਂ ਵਿਖੇ ਹੋਈ ਜਿਸ ਵਿਚ ਕਮੇਟੀ ਦੇ ਅਹੁਦੇਦਾਰ, ਮੈਂਬਰਾਂ ਤੋਂ ਇਲਾਵਾ ਪਿੰਡ ਵਾਸੀ ਸ਼ਾਮਲ ਹੋਏ। ਇਸ ਮੌਕੇ ਜੋੜ ਮੇਲੇ ਸਬੰਧੀ ਕੁੱਝ ਅਹਿਮ ਵਿਚਾਰਾਂ ਕਰਦਿਆਂ ਸਰਬਸੰਮਤੀ ਨਾਲ ਸਾਲਾਨਾ ਜੋੜ ਮੇਲਾ 28 ਤੋਂ 30 ਜਨਵਰੀ ਨੂੰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਥੇ: ਰਣਜੀਤ ਸਿੰਘ ਝਿੰਗੜ ਸਾਬਕਾ ਚੇਅਰਮੈਨ ਸ਼ੂਗਰ ਮਿੱਲ, ਨੰਬਰਦਾਰ ਝਲਮਣ ਸਿੰਘ ਸ਼ੇਰਗਿੱਲ ਯੂ. ਕੇ., ਬਲਵਿੰਦਰ ਸਿੰਘ ਝਿੰਗੜ, ਗੁਰਦੇਵ ਸਿੰਘ, ਬੁੱਧ ਸਿੰਘ ਨੇ ਦੱਸਿਆ ਕਿ 28 ਜਨਵਰੀ ਨੂੰ ਗੁਰਦੁਆਰਾ ਦੂਖ ਨਿਵਾਰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਗੁਰਦੁਆਰਾ ਸ਼ਹੀਦ ਬਾਬਾ ਕਰਮ ਸਿੰਘ ਝਿੰਗੜ ਬੱਬਰ ਅਕਾਲੀ ਦੇ ਧਾਰਮਿਕ ਸਥਾਨ ਤੇ ਪੁੱਜੇਗਾ। ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਤੇ ਸ੍ਰੀ ਨਿਸ਼ਾਨ ਨੂੰ ਚੋਲ੍ਹਾ ਪਹਿਨਾਇਆ ਜਾਵੇਗਾ। 29 ਜਨਵਰੀ ਨੂੰ ਹਲਟ ਦੌੜਾਂ ਕਰਵਾਈਆਂ ਜਾਣਗੀਆਂ, 30 ਜਨਵਰੀ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਪ੍ਰਸਿੱਧ ਢਾਡੀ ਜਥੇ ਸੰਗਤਾਂ ਨੂੰ ਢਾਡੀ ਵਾਰਾਂ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਸੁਖਵਿੰਦਰ ਸਿੰਘ ਛਿੰਦਾ, ਦਵਿੰਦਰਪਾਲ ਬਿੱਲਾ, ਸੰਦੀਪ ਸਿੰਘ ਸ਼ੇਰਗਿੱਲ, ਜਸਵੀਰ ਸਿੰਘ ਸ਼ੀਰਾ, ਤੀਰਥ ਸਿੰਘ, ਸੋਹਨ ਲਾਲ, ਕੇਵਲ ਰਾਮ, ਗੁਰਪ੍ਰੀਤ ਸਿੰਘ, ਤੀਰਥ ਸਿੰਘ ਸ਼ੇਰਗਿੱਲ, ਅਮਰਜੀਤ ਸਿੰਘ, ਨਿਰਮਲ ਸਿੰਘ, ਜਸਪ੍ਰੀਤ ਸਿੰਘ, ਕਮਲਜੀਤ ਸਿੰਘ, ਸੋਨੂੰ ਮਹਿਮੀ, ਜਸਕਰਨ ਸਿੰਘ, ਸੋਹਨ ਲਾਲ, ਹਰੀ ਸਿੰਘ, ਰਾਜਾ ਮਹਿਮੀ ਆਦਿ ਹਾਜ਼ਰ ਸਨ।

ਆਪ ਦੀ ਸਰਕਾਰ ਬਣਾਉਣ ਲਈ ਮਹਿਲਾਵਾਂ ਦਾ ਅਹਿਮ ਰੋਲ ਹੋਵੇਗਾ - ਬੱਲੂ

ਨਵਾਂਸ਼ਹਿਰ, 3 ਜਨਵਰੀ (ਹਰਵਿੰਦਰ ਸਿੰਘ)-ਪੰਜਾਬ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਮਹਿਲਾਵਾਂ ਅਹਿਮ ਰੋਲ ਨਿਭਾਉਣਗੀਆਂ ਅਤੇ ਇਸ ਬਾਰ ਮਹਿਲਾਵਾਂ ਦੇ ਆਮ ਆਦਮੀ ਪਾਰਟੀ ਪ੍ਰਤੀ ਵਧ ਰਹੇ ਵਿਸ਼ਵਾਸ ਤੋਂ ਸਾਫ਼ ਦਿੱਖ ਰਿਹਾ ਹੈ ਕਿ 2022 ਵਿਚ ਪੰਜਾਬ ਵਿਚ ਆਪ ਦੀ ਸਰਕਾਰ ਆਵੇਗੀ। ਉਕਤ ਪ੍ਰਗਟਾਵਾ ਆਮ ਆਦਮੀ ਪਾਰਟੀ ਨਵਾਂਸ਼ਹਿਰ ਦੇ ਉਮੀਦਵਾਰ ਲਲਿਤ ਮੋਹਨ ਬੱਲੂ ਤੇ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਰਾਜਦੀਪ ਸ਼ਰਮਾ ਨੇ ਪਾਰਟੀ ਵਿਚ ਚੰਗਾ ਕੰਮ ਕਰ ਰਹੀ ਮੈਡਮ ਰਾਜਵਿੰਦਰ ਕੌਰ ਤੇ ਪਰਵੀਨ ਕੁਮਾਰੀ ਦੇ ਬਲਾਕ ਪ੍ਰਧਾਨ ਲਗਾਏ ਜਾਣ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਮਹਿਲਾਵਾਂ ਨੂੰ 1 ਹਜ਼ਾਰ ਰੁਪਏ ਮਹੀਨਾ ਭਤਾ ਦੇਣ ਦੀ ਘੋਸ਼ਣਾ ਨੂੰ ਮਜ਼ਾਕ ਕਹਿਣ ਵਾਲੇ ਸਿੱਧੂ ਹੁਣ ਇਸੇ ਤਰਾਂ ਦੀਆਂ ਘੋਸ਼ਣਾਵਾਂ ਕਰ ਰਹੇ ਹਨ ਪਰ ਸਿੱਧੂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਵਿਚ ਮਹਿਲਾਵਾਂ ਨੇ ਇਸ ਬਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾ ਲਿਆ ਹੈ। ਪੰਜਾਬ ਵਿਚ ਹਰ ਵਰਗ ਕਾਂਗਰਸ, ਅਕਾਲੀ ਦਲ ਤੋਂ ਦੁਖੀ ਹੋ ਚੁੱਕਾ ਹੈ। ਆਪ ਦੀ ਸਰਕਾਰ ਆਉਣ ਤੇ ਪੰਜਾਬ ਤੇ ਚੜ੍ਹਿਆ ਕਰਜ਼ਾ ਉਤਰ ਜਾਵੇਗਾ। ਇਸ ਦੌਰਾਨ ਮੀਰਪੁਰ ਜੱਟਾ ਨਿਵਾਸੀ ਗੁਰਪ੍ਰੀਤ ਕੌਰ ਤੇ ਖੋਥੜਾ ਨਿਵਾਸੀ ਗੁਰਪ੍ਰੀਤ ਨੇ ਪਾਰਟੀ ਦਾ ਪੱਲਾ ਫੜਿਆ ਅਤੇ 2022 ਵਿਚ ਆਮ ਆਦਮੀ ਪਾਰਟੀ ਦੇ ਲਈ ਕੰਮ ਕਰਨ ਦੀ ਗੱਲ ਕਹੀ। ਇਸ ਮੌਕੇ ਗਗਨ ਅਗਨੀਹੋਤਰੀ, ਮਹਿਲਾ ਕੋਆਰਡੀਨੇਟਰ ਸ਼ਾਲੂ ਭੂਚਰ, ਹੀਮਾ ਜੁਨੇਜਾ, ਵਿਨੋਦ ਪਿੰਕਾ, ਲੱਕੀ ਲਦੜ, ਡੀ.ਐੱਸ.ਪੀ. ਮਹਿੰਦਰ ਸਿੰਘ, ਰਮਨ ਉਮਟ ਆਦਿ ਮੌਜੂਦ ਰਹੇ।

ਜਨਮ ਦਿਨ ਮੁਬਾਰਕ

ਕੈਵਿਨ ਚੁੰਬਰ
ਪਿਤਾ-ਦਿਆਲ ਸਿੰਘ
ਮਾਤਾ-ਇਲੈਕਸ਼ਨਾ ਦੇਵੀ
ਵਾਸੀ-ਸਾਹਲੋਂ

ਫਤਿਹ ਸਿੰਘ
ਪਿਤਾ - ਸੁਖਜਿੰਦਰ ਸਿੰਘ
ਮਾਤਾ - ਮਨਜੀਤ ਕੌਰ
ਪਿੰਡ - ਖੁਰਦ
ਜ਼ਿਲ੍ਹਾ - ਸ਼ਹੀਦ ਭਗਤ ਸਿੰਘ ਨਗਰ

ਵਰ੍ਹੇਗੰਢ ਮਨਾਈ

ਬਲਜਿੰਦਰ ਸਿੰਘ ਅਤੇ ਰਾਜਵਿੰਦਰ ਕੌਰ ਵਾਸੀ ਤਾਜੋਵਾਲ ਨੇ ਆਪਣੇ ਵਿਆਹ ਦੀ 7ਵੀਂ ਵਰ੍ਹੇਗੰਢ ਮਨਾਈ।

ਸੰਤ ਅਵਧੂਤ ਦਾ ਬਰਸੀ ਸਮਾਗਮ 7 ਤੋਂ

ਮੁਕੰਦਪੁਰ, 3 ਜਨਵਰੀ (ਢੀਂਡਸਾ)- ਧੰਨ-ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੇ ਪਰਮ ਸੇਵਕ ਸੰਤ ਅਵਧੂਤ ਦੀ ਬਰਸੀ ਗੁਰਦੁਆਰਾ ਸ੍ਰੀ ਨਾਭ ਕਮਲ ਰਹਿਪਾ ਵਿਖੇ 7, 8, 9 ਜਨਵਰੀ ਨੂੰ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਜਾ ਰਹੀ ਹੈ। ਦੋ ਲੜੀਆਂ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣਗੇ। 9 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਵਿਚ ਪ੍ਰਸਿੱਧ ਰਾਗੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਨਗੇ। ਸਾਰੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਚੌਧਰੀ ਨਿਵਾਸ ਬਲਾਚੌਰ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕੌਮੀ ਮੀਤ ਪ੍ਰਧਾਨ ਜਥੇਦਾਰ ਗੁਰਬਖਸ਼ ਸਿੰਘ ਖ਼ਾਲਸਾ ਦਾ ਸਨਮਾਨ ਕਰਨ ਮੌਕੇ ਇਸਤਰੀ ਅਕਾਲੀ ਦਲ ਦੀ ਜ਼ਿਲ੍ਹਾ ਪ੍ਰਧਾਨ ਤੇ ਅਕਾਲੀ-ਬਸਪਾ ਉਮੀਦਵਾਰ ਬੀਬਾ ਸੁਨੀਤਾ ਚੌਧਰੀ ਨਾਲ ਉੱਘੇ ਕਾਰੋਬਾਰੀ ਦਿਲਾਵਰ ਸਿੰਘ ਦਿਲੀ ਅਤੇ ਅਵਤਾਰ ਸਿੰਘ ਸਾਹਦੜ੍ਹਾ ਤੇ ਹੋਰ। ਤਸਵੀਰ:ਦੀਦਾਰ ਸਿੰਘ ਬਲਾਚੌਰੀਆ

ਬੀਬੀ ਸੁਨੀਤਾ ਚੌਧਰੀ ਵਲੋਂ ਜਥੇਦਾਰ ਖ਼ਾਲਸਾ ਦਾ ਵਿਸ਼ੇਸ਼ ਸਨਮਾਨ

ਬਲਾਚੌਰ, 3 ਜਨਵਰੀ (ਦੀਦਾਰ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਬਖਸ਼ ਸਿੰਘ ਖਾਲਸਾ (ਸਾਬਕਾ ਸੀਨੀਅਰ ਮੀਤ ਪ੍ਰਧਾਨ) ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ